੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

# ਸਵਾਗਤ ਪੱਤਰ

ਜੋ ਆਲ ਇੰਡੀਆ ਸਿਖ ਯੂਥ ਕਾਨਫ੍ਰੰਸ ਸਮੇਂ ੩੦ ਜਨਵਰੀ ੧੯੪੩ ਨੂੰ ਕਾਨਫਰੰਸ ਦੇ ਪ੍ਰਧਾਨ ਸ: ਬ: ਸ: ਉੱਜਲ ਸਿੰਘ ਦੇ ਸਵਾਗਤ ਵਿਚ ਡਾ: ਅਵਤਾਰ ਸਿੰਘ ਦਲੇਰ ਜਨਰਲ ਸਕੱਤ੍ਰ ਆਲ ਇੰਡੀਆ ਸਿੱਖ ਯੂਥ ਲੀਗ ਵਲੋਂ ਪੜ੍ਹਿਆ ਗਿਆ !

---

ਸ੍ਰੀ ਮਾਨਜਵਰ ਪ੍ਰਧਾਨ ਜੀਓ, ਭੈਣੋ ਤੇ ਭਰਾਓ !

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹ ॥

ਭਾਈਓ ! ਮੈਂ ਆਪ ਨੂੰ ਆਲ ਇੰਡੀਆ ਸਿਖ ਯੂਥ ਲੀਗ ਵਲੋਂ ਇਸ ਕਾਨਫਰੰਸ ਵਿਚ ਮਿਲ ਬੈਠਣ ਤੇ ਵਧਾਈ ਦਿੰਦਾ ਹਾਂ ਤੇ ਆਪ ਨੂੰ 'ਜੀ ਆਇਆਂ' ਆਖਦਾ ਹਾਂ। ਪਿਆਰੇ ਵੀਰੋ ! ਇਥੇ ਭਾਵੇਂ ਅਸੀਂ ਆਰਾਮ ਨਾਲ ਬੈਠੇ ਆਪਣੀ ਕਾਨਫਰੰਸ ਕਰ ਰਹੇ ਹਾਂ ਪਰ ਇਥੋਂ ਪਰਬ ਤੇ ਪੱਛਮ ਦੋਹੀਂ ਪਾਸੀਂ ਦੂਰ ਸੈਂਕੜੇ ਮੀਲਾਂ ਦੇ ਫਾਸਲੇ ਤੇ ਖ਼ੂਨੀ ਜੰਗ ਹੋ ਰਹੀ ਹੈ। ਅਰਬਾਂ ਰੁਪਈਆਂ ਦਾ ਮਾਲ ਅਸਬਾਬ, ਸਾਮਾਨ ਤੇ ਇਮਾਰਤਾਂ ਇਸ ਜੰਗ ਨੇ ਬਰਬਾਦ ਕਰ ਦਿਤੇ ਹਨ। ਲੱਖਾਂ ਗਭਰੂ, ਬੁਢੇ ਤੇ ਇਸਤ੍ਰੀਆਂ ਇਸ ਦੀ ਲਪੇਟ ਵਿਚ ਆ ਗਏ ਹਨ। ਇਸ ਜੰਗ ਵਿਚ ਲੜ ਰਹੀਆਂ ਕੌਮਾਂ ਨੇ ਜਥੇਬੰਦੀ, ਬਹਾਦਰੀ, ਅਕਲ ਤੇ ਸ਼ਸਤਰ ਵਿਦਿਆ, ਕਾਰੀਗਰੀ ਤੇ ਸਾਇੰਸ ਦੇ ਕਮਾਲ ਵਿਖਾਏ ਹਨ। ਇਸ ਨਵੇਂ ਢੰਗ ਦੇ ਜੰਗ ਵਿਚ ਅਨਟਰੇਂਡ ਮਨੁੱਖਾਂ ਦਾ ਮੂਲ ਧੇਲਾ ਵੀ ਨਹੀਂ ਰਿਹਾ। ਸੂਰਬੀਰਤਾ ਦੇ ਨਾਲ ਉੱਚੇ ਦਰਜੇ ਦੇ ਸਾਇੰਟਿਫਿਕ ਹਥਿਆਰ ਤੇ ਭਾਰੀ ਟਰੇਨਿੰਗ ਜ਼ਰੂਰੀ ਹੋ ਗਏ ਹਨ। ਬੰਦੇ ਤਾਂ ਇਕ ਬੰਨੇ ਰਹੇ, ਇਸ ਜੰਗ ਨੇ ਇਹ ਵੀ ਵਿਖਾ ਦਿਤਾ ਹੈ ਕਿ ਮੁਟਿਆਰ ਤੀਵੀਆਂ ਹਵਾਈ ਜਹਾਜ਼ਾਂ ਤੇ ਉਡਕੇ ਦੁਸ਼ਮਨ ਦਾ ਟਾਕਰਾ ਕਰਦੀਆਂ ਤੇ ਆਪਣੇ ਆਪਣੇ ਦੇਸ਼ ਦੀ ਰਾਖੀ ਕਰ ਰਹੀਆਂ ਹਨ। ਇਹ ਤਾਂ ਅਭਾਗਾ ਹਿੰਦੁਸ਼ਤਾਨ ਹੀ ਹੈ ਜਿਸ ਦੇ ਗਭਰੂਆਂ ਨੂੰ ਲੋੜੀਂਦੀ ਟਰੇਨਿੰਗ ਉਸ ਵੱਡੇ ਪੈਮਾਨੇ ਤੇ ਨਹੀਂ ਦਿਤੀ ਗਈ ਜਿਸ ਦੀ ਕਿ ਲੋੜ ਏ। ਆਪਣੇ ਦੇਸ਼ ਦੇ ਅੰਦਰ ਸਾਡੀ ਕਮਾਂਡ ਬਦੇਸ਼ੀਆਂ ਦੇ ਹੱਥ ਹੈ। ਜੇ ਅਸੀਂ ਅੱਜ ਸਵਤੰਤਰ ਹੁੰਦੇ ਤੇ ਆਪਣੇ ਦੇਸ਼ ਦੇ ਚਿੱਟੇ ਕਾਲੇ ਦੇ ਮਾਲਕ ਹੁੰਦੇ ਤਾਂ ਇਸ ਦੇਸ਼ ਦੀ ਰਾਖੀ ਲਈ ਇਥੇ ਅਮਰੀਕਨਾਂ ਦੇ ਲਿਆਉਣ ਦੀ ਲੋੜ ਨਹੀਂ ਸੀ। ਖੈਰ ਵੱਡਾ ਜੰਗ ਤੋੜ ਸਿਖਰ ਤਕ ਪੁਜ ਗਿਆ ਹੈ ਪਰ ਅਜੇ ਇਸ ਦੇ ਵਾਰਾ ਪਾਰ ਦਾ ਪਤਾ ਨਹੀਂ ਲਗਦਾ। ਇਹ ਜੰਗ ਦੁਨੀਆਂ ਦਾ ਪੁਰਾਣਾ ਬੁਤ ਤੋੜ ਰਿਹਾ ਹੈ। ਨਾਰਵੇ, ਹਾਲੈਂਡ, ਬੈਲਜੀਅਮ, ਲੈਕਸਮਬਰਗ, ਯੂਨਾਨ, ਰੋਮਾਨੀਆਂ, ਪੋਲੈਂਡ ਤੇ ਫਰਾਂਸ ਕਮਜ਼ੋਰ ਯੁਧ-ਸ਼ਕਤੀ ਦੇ ਕਾਰਨ ਹਾਰ ਖਾ ਗਏ ਹਨ। ਗਰਮੀਆਂ ਵਿਚ ਜਰਮਨੀ ਤੇ ਠੰਡਾਂ ਵਿਚ ਰੂਸ ਵਧ ਜਾਂਦੇ ਹਨ। ਅਫਰੀਕਾ ਵਿਚ ਇਟਲੀ ਦੀ ਪਾਤਸ਼ਾਹੀ ਖਤਮ ਕੀਤੀ ਗਈ। ਦੂਜੇ ਪਾਸੇ ਬੋਰਨਿਊ, ਜਾਵਾ, ਸਮਾਟਰਾ, ਮਲਾਇਆ ਤੇ ਬ੍ਰਹਮਾ ਵਿਚੋਂ ਡਚ ਤੇ ਅੰਗਰੇਜ਼ੀ ਫੌਜਾਂ ਪਿਛੇ ਹਟਾ ਦਿਤੀਆਂ ਗਈਆਂ ਹਨ। ਜੰਗ ਤੋਂ ਪਿਛੋਂ ਦੁਨੀਆਂ ਦਾ ਨਵਾਂ ਬੁਤ ਘੜਿਆ ਜਾਵੇਗਾ। ਕਈ ਵੱਡੀਆਂ ਪਾਤਸ਼ਾਹੀਆਂ

Digitized by Panjab Digital Library | www.panjabdigilib.org

ਖਤਮ ਹੋ ਜਾਣਗੀਆਂ ਤੇ ਕਈ ਦੇਸ਼ਾਂ ਨੂੰ ਨਵੇਂ ਸਿਰਿਓਂ ਸਵਤੰਤਰਤਾ ਮਿਲ ਜਾਵੇਗੀ। ਆਓ, ਅਸੀਂ ਸਾਰੇ ਭਾਈ ਹਿੰਦੂ ਮੁਸਲਮਾਨ ਗਵਾਂਢੀਆਂ ਨਾਲ ਮਿਲਕੇ ਜ਼ੋਰ ਪਾਈਏ ਕਿ ਸਾਡੇ ਦੇਸ਼ ਦੀ ਅਜ਼ਾਦੀ ਨੂੰ ਜੰਗ ਦੇ ਪਿਛੇ ਤੇ ਨਾ ਸੁਟਿਆ ਜਾਵੇ ਬਲਕਿ ਇਸ ਦੇਸ਼ ਦੀ ਸਵਤੰਤਰਤਾ ਦਾ ਤੁਰਤ ਐਲਾਨ ਕੀਤਾ ਜਾਵੇ ਤੇ ਇਥੇ ਸਾਰੇ ਫਿਰਕਿਆਂ ਦੀ ਸਾਂਝੀ ਕੌਮੀ ਸਰਕਾਰ ਕਾਇਮ ਕੀਤੀ ਜਾਵੇ।

ਪਿਆਰੇ ਭਰਾਵੋ! ਸਾਡਾ ਦੇਸ਼ ਇਕ ਵੱਡਾ ਦੇਸ਼ ਹੈ ਤੇ ਇਸਦੇ ਕੁਦਰਤੀ ਵਸੀਲੇ ਅਥਾਹ ਹਨ ਪ੍ਰੰਤੂ ਇਹ ਵੇਖਕੇ ਅਫਸੋਸ ਹੁੰਦਾ ਹੈ ਕਿ ਇਸ ਦੇਸ਼ ਦੇ ਜੰਮ ਪਲ ਲੋਕਾਂ ਨੂੰ ਇਸਦੇ ਵਸੀਲਿਆਂ ਦਾ ਪੂਰਾ ਫਾਇਦਾ ਨਹੀਂ ਪੁਜ ਰਿਹਾ ਬਲਕਿ ਹਾਕਮ ਕੌਮ ਇਸ ਦੇਸ਼ਤੋਂ ਬੇ ਹੱਦ ਨਫਾ ਲੈ ਰਹੀ ਹੈ। ਇਥੋਂ ਦੀ ਪ੍ਰਜਾ ਦੇ ਹਿਸੇ ਵਿਚ ਤਾਂ ਬਹੁਤ ਕਰਕੇ ਗੁਲਾਮੀ ਬੇਸਮਝੀ, ਈਰਖਾ, ਦ੍ਵੈਖ, ਗਰੀਬੀ, ਕੰਗਾਲੀ, ਕਰਜ਼ਾ, ਮਾੜੀ ਸੇਹਤ, ਘੱਟ ਔਸਤ ਉਮਰ ਤੇ ਨੀਵੇਂ ਦਰਜੇ ਦਾ ਜ਼ਿੰਦਗੀ ਦਾ ਮਿਆਰ ਹੀ ਆਇਆ ਹੈ। ਆਮ ਜਨਤਾ ਬਹੁਤ ਹੱਦ ਤੱਕ ਅਣਪੜ੍ਹ ਹੈ। ਦੂਜੇ ਦੇਸ਼ਾਂ ਵਿਚ ਪੜ੍ਹਿਆਂ ਲਿਖਿਆਂ ਦੀ ਗਿਣਤੀ ੯੦-੯੮ ਫੀ ਸਦੀ ਹੈ। ਪ੍ਰੰਤੂ ਸਾਡੇ ਭਾਰਤ ਵਰਸ਼ਵਿੱਚ ਨੌਂ ਦਸ ਦੀ ਸਦੀ ਹੀ ਪੜ੍ਹੇ ਲਿਖੇ ਹਨ। ਫਾਕਾ ਮਸਤੀ ਤੇ ਭੁੱਖ ਦੇ ਦੁਖ ਨੂੰ ਲੋਕੀ ਕਿਸਮਤ ਦਾ ਖੇਲ ਸਮਝਕੇ ਜਰ ਲੈਂਦੇ ਹਨ ਤੇ ਇਤਨੀ ਥੋੜੀ ਆਮ-ਦਨ ਤੇ ਗੁਜ਼ਾਰਾ ਕਰ ਲੈਂਦੇ ਹਨ ਜੋ ਸੂਝ ਬੂਝ ਵਾਲਾ ਮਨੁਖ ਵੇਖਦੇ ਹੈਰਾਨ ਹੁੰਦਾ ਹੈ। ਦੇਸ਼ ਦੀ ਸਿਹਤ ਬੜੀ ਹੱਦ ਤਕ ਬਰਬਾਦ ਹੋਗਈ ਹੈ। ਕੱਦ ਕਾਠ ਪੈਰੋ ਪੈਰ ਘਟ ਰਹੇ ਹਨ। ਉਮਰ ਦਾ ਔਸਤ ਵੀ ਏਥੇ ਬਹੁਤ ਥੋੜਾ ਹੈ। ਜੇ ਇੰਗਲੈਂਡ ਵਿਚ ਹਰ ਅੰਗਰੇਜ਼ ਪਿਛੇ ਉਮਰ ਦੀ ਔਸਤ ੪੩ ਬਣਦੀ ਹੈ ਤਾਂ ਹਿੰਦੁਸਤਾਨ ਦੀ ਔਸਤ ਉਮਰ ੨੩ ਸਾਲ ਬਣਦੀ ਹੈ। ਸਾਡੀ ਗੁਲਾਮੀ ਦੇ ਅਜਿਹੇ ਅਸਰ ਪਏ ਹਨ ਕਿ ਹਿੰਦੀ ਇਨਸਾਨ ਅੰਗਰੇਜ਼ ਦੇ ਟਾਕਰੇ ਤੇਕਰੀਬਨ ਅੱਧੀ ਉਮਰ ਭੋਗਦਾ ਹੈ।

ਭਾਈਓ! ਇਸਦਾ ਇਕੋ ਇਲਾਜ ਸੁਤੰਤ੍ਰਤਾ ਤੇ ਤੁਰਤ ਸੁਤੰਤਰਤਾ ਹੈ। ਸਵਤੰਤਰ ਭਾਰਤ (Independent India) ਦੀ ਰਾਜ ਬਣਤਰ ਤਾਂ ਪਿਛੋਂ ਹੀ ਬਣੇਗੀ, ਇਸ ਸਮੇਂ ਦੀ ਉਚੇਚੀ ਲੋੜ ਇਹ ਹੈ ਕਿ ਰਾਜ ਬਣਤਰ ਦੇ ਸੁਆਲ ਨੂੰ ਪਿਛੇ ਰੱਖਕੇ ਏਥੇ ਝੱਟ ਪੱਟ ਹੀ ਕੌਮੀ ਸਰਕਾਰ ਕਾਇਮ ਕੀਤੀ ਜਾਵੇ। ਕੌਮੀ ਸਰਕਾਰ ਦੀ ਮੰਗ ਦੇ ਰਸਤੇ ਵਿਚ ਵਡੀ ਔਕੜਅੰਗਰੇਜ਼ਾਂ ਦਾ ਅਖਤਿਆਰ ਨਾ ਛੱਡਣ ਵਾਲਾ ਵਤੀਰਾ ਹੈ। ਅੰਗਰੇਜ਼ ਸਰਕਾਰ ਇਸ ਵੇਲੇ ਇਸ ਗੱਲ ਤੇ ਡਟੀ ਹੋਈ ਹੈ ਕਿ ਜਦ ਤਕ ਹਿੰਦੁਸਤਾਨ ਦੇ ਸਾਰੇ ਫਿਰਕੇ ਤੇ ਰਾਜਸੀ ਪਾਰਟੀਆਂ ਇਕ ਮੁਠ ਤੇ ਇਕ ਰਾਏ ਦੇ ਹੋਕੇ ਅਧਿਕਾਰ ਲੈਣ ਦਾ ਮੁਤਾਲਬਾ ਨਹੀਂ ਕਰਦੇ ਉਸ ਸਮੇਂ ਤਕ ਕਿਸੇ ਇਕ ਜਾਂ ਦੋ ਜਮਾਤਾਂ ਦੇ ਮੰਗ ਕਰਨ ਤੇ ਅਧਿਕਾਰ ਨਹੀਂ ਦਿਤੇ ਜਾਣਗੇ। ਕਾਂਗਰਸ ਨੇ ਤੁਰਤ ਅਧਿਕਾਰ ਲੈਣ ਲਈ ਸਿਵਲ ਨਾ ਫੁਰਮਾਨੀ ਕਰਨ ਦਾ ਖਿਆਲ ਪਰਗਟ ਕੀਤਾ ਸੀ ਪਰ ਸਰਕਾਰ ਨੇ ਸਿਵਲ-ਨਾ-ਫੁਰਮਾਨੀ ਹੋਣ ਤੋਂ ਪਹਿਲਾਂ ਹੀ ਕਾਂਗਰਸੀ ਆਗੂਆਂ ਨੂੰ ਜਿਹਲਾਂ ਵਿਚ ਡੱਕ ਦਿੱਤਾ ਹੈ। ਇਸ ਵੇਲੇ ਕਾਂਗਰਸੀ ਧੜੇ ਦੇ ਸਾਰੇ ਵੱਡੇ ਵੱਡੇ ਆਗੂ ਜਿਹਲਾਂ ਵਿਚ ਬੰਦ ਹਨ। ਦੇਸ਼ ਵਿਚ ਦੇ ਬਾਕੀ ਧੜੇ ਵੀ ਆਪੋ ਵਿਚ ਦੀ ਇਤਹਾਦ ਨਹੀਂ ਕਰ ਸਕੇ। ਇਤਹਾਦ ਦੇ ਰਸਤੇ ਵਿਚ ਸਭ ਤੋਂ ਵੱਡਾ ਰੋੜਾ ਮਿਸਟਰ ਮੁਹੰਮਦ ਅਲੀ ਜਿਨਾਹ ਪਰਧਾਨ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਹੈ। ਜਿਨਾਹ ਸਾਹਿਬ ਦਾ ਇਹ ਕਥਨ ਹੈ ਕਿ "ਜਮਹੂਰੀਅਤ ਹਿੰਦੁਸਤਾਨ ਲਈ ਸੁਖਦਾਈ ਨਹੀਂ ਹੋ ਸਕਦੀ ਹੈ ਉਹਨਾਂ ਕਹਿਣਾ ਹੈ ਕਿ "ਜਮਹੂਰੀਅਤ ਓਥੇ ਹੀ ਕਾਇਮ ਹੋ ਸਕਦੀ ਹੈ ਜਿਥੇ ਇਕੋ ਕੌਮ ਆਬਾਦ ਹੋਵੇ ਜਿਥੇ ਦੋ ਕੌਮਾਂ ਵਸਦੀਆਂ ਹੋਣ ਓਥੇ ਜੇ ਪਰਚੀਆਂ(votses)

Digitized by Panjab Digital Library | www.panjabdigilib.org

ਗਹੀਂ ਹੀ ਰਾਜ ਪ੍ਰਬੰਧ ਕਾਇਮ ਕਰਨ ਦਾ ਯਤਨ ਕੀਤਾ ਜਾਵੇ ਤਾਂ ਬਹੁਤ ਗਿਣਤੀ ਵਾਲੀ ਕੌਮ ਹੌਲੀ ਹੌਲੀ ਘੱਟ ਗਿਣਤੀ ਵਾਲੀ ਕੌਮਨੂੰ ਮੁਕਾ ਦੇਵੇਗੀ ਤੇ ਘੱਟਗਿਣਤੀ ਵਾਲੀ ਕੌਮ ਬਹੁ ਗਿਣਤੀ ਵਾਲੀ ਕੌਮ ਦੀ ਗੁਲਾਮ ਹੋਕੇ ਹੌਲੀ ਹੌਲੀ ਖਤਮ ਹੋ ਜਾਵੇਗੀ ਸਪੇਨ ਵਿਚ ਜਮਹੂਰੀ ਰਾਜ ਹੱਥੋਂ ਹੀ ਬਰਬਾਦ ਹੋਕੇ ਮੁਸਲਮਾਨ ਕਦਲੀ ਤੌਰ ਤੇ ਖਤਮ ਹੋ ਗਏ ਹਨ। ਅਰਮੀਨਿਆਂ ਵਿੱਚ ਇਰਮਿਨ ਇਸਾਈ ਮੁਕ ਗਏ ਹਨ। ਇਸੇ ਲਈ ਲੀਗ ਆਫ ਨੇਸ਼ਨਜ਼ ਨੂੰ ਤੁਰਕਾਂ ਤੇ ਯੂਨਾਨੀਆਂ ਦਾ ਆਪੋ ਵਿਚ ਆਬਾਦੀ ਦਾ ਤਬਾਦਲਾ ਕਰਕੇ ਦੋਵਾਂ ਦੇ ਵੱਖੋ ਵੱਖਰੇ ਦੇਸ਼ਾਂ ਵਿੱਚ ਵੱਸਣ ਦਾ ਪਰਬੰਧ ਕਰਨਾ ਪਿਆ। ਜਿਨਾਹ ਸਹਿਬ ਫੁਰਮਾਂਦੇ ਹਨ ਕਿ "ਚੂੰਕਿ ਮੁਸਲਮਾਨ ਵੱਖਰੀ ਕੌਮ ਹਨ ਉਨਹਾਂ ਦਾ ਮਜ਼ਹਬ, ਕਲਚਰ, ਰਸਮੋ ਰਵਾਜ, ਬੋਲੀ, ਇਤਹਾਸ ਅਤੇ ਮੌਜੂਦਾ ਤੇ ਆਓਣ ਵਾਲੀ ਜਿੰਦਗੀ ਸਬੰਧੀ ਖਿਆਲਾਤ ਹਿੰਦੂਆਂ ਨਾਲ ਉਕਾ ਹੀ ਨਹੀਂ ਮਿਲਦੇ'। ਇਸ ਲਈ ਓਹ ਕਹਿੰਦੇ ਹਨ ਕਿ "ਹਿੰਦੁਸਤਾਨ ਨੂੰ ਇਕ ਦੇਸ਼ ਰੱਖਕੇ ਜਮਹੂਰੀ ਰਾਜ ਕਰਨਾ ਮੁਸਲਮਾਨ ਨੂੰ ਹਿੰਦੂ ਰਾਜ ਦੇ ਸਪੁਰਦ ਕਰ ਦੇਣਾ ਹੈ"। ਮੁਸਲਮਾਨ ਇਹ ਪਸੰਦ ਨਹੀਂ ਕਰ ਸਕਦਾ ਕਿ ਉਹ ਤੀਹ ਕਰੋੜ ਹਿੰਦੂਆਂ ਦੇ ਮੁਕਾਬਲੇ ਤੇ ਕੇਵਲ ੯ ਕਰੋੜ ਹੁੰਦਾ ਹੋਇਆ ਸਾਂਝੇ ਰਾਜ ਦੇ ਨਾਂ ਤੇ ਹਿੰਦੂਆਂ ਦੀ ਗੁਲਾਮੀ ਕਬੂਲ ਲਵੇ। ਇਸ ਲਈ ਜਿਨਾਹ ਸਾਹਿਬ ਇਹ ਮਤਾਲਬਾ ਕਰਦੇ ਹਨ ਕਿ "ਹਿੰਦੁਸਤਾਨ ਦੇ ਉਨ੍ਹਾਂ ਹਿਸਿਆਂ ਨੂੰ ਜਿਥੇ ਮੁਸਲਮਾਨਾਂ ਦੀ ਬਹੁ ਗਿਣਤੀ ਹੈ ਵੱਖ ਕਰਕੇ ਦੋ ਦੇਸ਼ ਕਰ ਦਿਤੇ ਜਾਣਾ ਇਕ ਹਿੰਦੂਸਤਾਨ ਤੇ ਦੂਜਾ ਪਾਕਿਸਤਾਨ। ਤਾਕਿ ਮੁਸਲਮਾਨ ਪਾਕਿਸਤਾਨ ਵਿਚ ਤੇ ਹਿੰਦੂ ਹਿੰਦੁਸਤਾਨ ਵਿਚ ਰਾਜ ਕਰ ਸਕੇ।"

ਜਿਨਾਹ ਸਾਹਿਬ ਦੇ ਪਾਕਿਸਤਾਨ ਦਾ ਮੋਟਾ ਮਤਲਬ ਇਹ ਹੈ ਕਿ ਪੰਜਾਬ, ਸਰਹੱਦ ਸਿੰਧ, ਬਲੋਚਿਸਤਾਨ ਤੇ ਬੰਗਾਲ ਦੀ ਕੇਂਦਰੀ ਸਕਦਾਰ ਵੱਖਰੀ ਤੇ ਹਿੰਦੂ ਸੂਬਿਆਂ ਦੀ ਕੇਂਦਰੀ ਸਰਕਾਰ ਵਖਰੀ ਹੋਵੇ। ਜਿਨਾਹ ਸਾਹਿਬ ਦੇ ਇਸ ਰਵੱਈਏ ਦੇ ਕਾਰਨ ਹਿੰਦੁਸਤਾਨ ਦੇ ਸਾਰੇ ਧੜੇ ਇਕ ਮੁਠ ਨਹੀਂ ਹੋ ਸਕੇ। ਇਕ ਮੁਠ ਨਾ ਹੋਣ ਦੇ ਬਹਾਨੇ ਨੂੰ ਸਾਹਮਣੇ ਰਖਕੇ ਅੰਗਰੇਜ਼ ਹਿੰਦੁ-ਸਤਾਨ ਨੂੰ ਤਾਕਤ ਨਹੀਂ ਦਿੰਦੇ। ਤੇ ਅੰਗਰੇਜ਼ ਦੇ ਹਥ ਵਿਚ ਤਾਕਤ ਰਹੇ, ਇਸ ਗਲ ਨਾਲ ਹਿੰਦੁਸਤਾਨ ਦੀਆਂ ਦੇਸ਼ ਭਗਤ ਜਮਾਤਾਂ ਸਹਿਮਤ ਨਹੀਂ ਹਨ। ਇਸ ਲਈ ਦੇਸ਼ ਵਿਚ ਇਕ ਵਡਾ ਰਾਜਸੀ ਅੜਿੱਕਾ (Deadlock) ਪੈ ਗਿਆ ਹੈ। ਇਸ ਅੜਿੱਕੇ ਦਾ ਅਜੇ ਤਕ ਕੋਈ ਹਲ ਨਹੀਂ ਨਿਕਲਿਆ। ਇਹ ਹਲ ਓਦੋਂ ਤਕ ਨਹੀਂ ਨਿਕਲ ਸਕਦਾ ਜਦੋਂ ਤਕ ਅੰਗਰੇਜ਼ ਆਪਣੇ ਰਾਜਸੀ ਅਧਿਕਾਰ ਹਿੰਦੁਸਤਾਨੀਆਂ ਨੂੰ ਸੌਂਪਣ ਲਈ ਤਿਆਰ ਨਾ ਹੋਵੇ। ਅੰਗਰੇਜ਼ ਨੂੰ ਮਜਬੂਰ ਕਰਨ ਲਈ ਇਕੋ ਹਥਿਆਰ ਹਿੰਦੁਸਤਾਨ ਦੀਆਂ ਵਖੋ ਵਖਰੀਆਂ ਰਾਜਸੀ ਜਮਾਤਾਂ ਦਾ ਇਤਹਾਦ ਹੀ ਹੋ ਸਕਦਾ ਹੈ। ਭਾਈਓ! ਇਹ ਗਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਦੇਸ਼ ਦੇ ਅੰਦਰ ਇਤਹਾਦ ਲਈ ਜਿਤਨੀ ਸਚੀ ਤੇ ਤੀਬਰ ਇਛਿਆ ਹੋਣੀ ਚਹੀਦੀ ਹੈ ਉਹ ਮੌਜੂਦ ਨਹੀਂ। ਇਤਹਾਦ ਨੂੰ ਰੋਕਣ ਲਈ ਜ਼ਿਮੇਵਾਰ ਅੰਗਰੇਜ਼ ਪਹਿਲੇ ਪਾਕਿਸਤਾਨ ਦੀ ਹਮਾਇਤ ਤੇ ਮੁਸਲਮਾਨਾਂ ਦੀ ਰਜ਼ਾਮੰਦੀ ਦੀ ਅਹਿਮੀਅਤ ਦੇ ਹਕ ਵਿਚ ਲੈਕਚਰ ਝਾੜਦੇ ਰਹੇ ਹਨ। ਅੰਗਰੇਜ਼ਾਂ ਦੇ ਇਸ ਵਤੀਰੇ ਨੂੰ ਸਾਹਮਣੇ ਰਖਦੇ ਹੋਏ ਉਹ ਗੰਭੀਰ ਆਦਮੀ ਜੋ ਦੇਸ਼ ਦੀ ਤੁਰਤ ਕੌਮੀ ਅਜ਼ਾਦੀ ਦੇ ਹਕ ਵਿਚ ਹਨ ਉਹ ਅੰਗਰੇਜ਼ਾਂ ਦੇ ਇਸ ਬਹਾਨੇ ਨੂੰ ਤੋੜਨ ਲਈ ਜਿਨਾਹ ਸਾਹਿਬ ਨਾਲ ਗਲ ਬਾਤ ਕਰਕੇ ਪਾਕਿਸਤਾਨ ਦੇ ਸੁਆਲ ਦਾ ਹਲ ਲਭਣ ਦਾ ਯਤਨ ਕਰਦੇ ਸਨ ਤੇ ਇਸੇ ਮਨੋਰਥ ਦੀ ਸਿਧੀ ਲਈ ਅਲਾਹਬਾਦ ਵਿਚ ਇਕ ਛੋਟੀ ਜਿਹੀ ਕਾਨਫ੍ਰੰਸ ਕਰਕੇ ਇਸ ਝਗੜੇ ਦਾ ਕੁਝ ਹੱਲ ਢੂੰਡਿਆ ਗਿਆ ਸੀ। ਜਾਪਦਾ ਹੈ ਕਿ ਇਸ ਗਲ ਨੇ ਤਾਕਤ ਹੱਥ ਰੱਖਣ ਦੇ ਭੁਖੇ ਅੰਗਰੇਜ਼ੀ ਨੀਤੀਵਾਨਾਂ ਨੂੰ ਘਬਰਾ ਦਿਤਾ

Digitized by Panjab Digital Library | www.panjabdigilib.org

ਹੈ ਤੇ ਇਹ ਖਿਆਲ ਕਰਕੇ ਕਿ ਹਿੰਦੂ ਕਿਧਰੇ ਇਸ ਝਗੜੇ ਦੇ ਹਲ ਕਰਨ ਤੇ ਨਾ ਡਟ ਜਾਣ ਵਾਇਸਰਾਏ ਨੇ ਹਿੰਦੂਆਂ ਵਿਚ ਜੋ ਸਮਝੌਤੇ ਦਾ ਵਿਰੋਧੀ ਅਨਸਰ ਹੈ ਉਸ ਨੂੰ ਚੁਕਣ ਲਈ ਕਲਕਤੇ ਵਿਚ ਹਿੰਦੁਸਤਾਨ ਦੀ ਭੂਗੋਲਕ ਏਕਤਾ (Geographical Unity) ਦੇ ਹਕ ਵਿਚ ਧੜੱਲੇਦਾਰ ਤਕਰੀਰ ਕਰ ਦਿਤੀ ਹਾਲਾਂ ਕਿ ਲਾਰਡ ਲਿਨਲਿਥਗੋ, ਵਾਇਸਰਾਏ ਸਾਹਿਬ ੭ ਸਾਲ ਤੋਂ ਏਥੇ ਰਹਿ ਰਹੇ ਹਨ ਤੇ ਇਨ੍ਹਾਂ ਅਗੇ ਦੇਸ਼ ਦੀ ਭੂਗੋਲਕ ਏਕਤਾ ਉਤੇ ਕਦੇਵੀ ਇਤਨਾ ਜ਼ੋਰ ਨਹੀਂ ਦਿਤਾ ਬਲਕਿ ਵਜ਼ੀਰ ਹਿੰਦ ਤੇ ਹੋਰ ਜ਼ਿਮੇਵਾਰ ਅੰਗਰੇਜ਼ ਅਜਿਹੀਆਂ ਤਕਰੀਰਾਂ ਕਰਦੇ ਰਹੇ ਹਨ ਜਿਨ੍ਹਾਂ ਦਾ ਅਸਰ ਪਾਕਿਸਤਾਨੀ ਅਨਸਰ ਦੇ ਹਕ ਵਿਚ ਪਵੇ। ਅੰਗਰੇਜ਼ ਰਾਜ ਨੀਤੀ ਵਿਚ ਸ਼ਾਤਰ ਹੈ ਤੇ ਉਹ ਸਮੇਂ ਅਨੁਸਾਰ ਹਿੰਦੁਸਤਾਨੀਆਂ ਨੂੰ ਪਾਕਿਸਤਾਨ ਤੇ ਦੇਸ਼ ਦੀ ਏਕਤਾ ਦੋਵਾਂ ਤੇ ਵਾਰੋ ਵਾਰੀ ਜ਼ੋਰ ਦੇ ਕੇ ਹਿੰਦੂ ਮੁਸਲਮਾਨਾਂ ਨੂੰ ਉਲੂ ਬਣਾ ਰਿਹਾ ਹੈ। ਜੇ ਹਿੰਦੂ ਤੇ ਮੁਸਲਮਾਨ ਆਪੋ ਵਿਚ ਕਿਸੇ ਸਮਝੌਤੇ ਤੇ ਨਾ ਅਪੜੇ ਤਾਂ ਦੋਵਾਂ ਵਿਚੋਂ ਕਿਸੇ ਦੇ ਵੀ ਕੁਝ ਹਥ ਨਹੀਂ ਆਵੇਗਾ ਤੇ ਤਾਕਤ ਅੰਗਰੇਜ਼ ਪਾਸ ਹੀ ਰਹੇਗੀ। ਹਿੰਦੁਸਤਾਨੀਆਂ ਦੀ ਇਸ ਵੇਲੇ ਸਭ ਤੋਂ ਵਡੀ ਲੋੜ ਫਿਰਕੂ ਸਮਝੌਤਾ ਹੈ। ਇਹ ਸਮਝੌਤਾ ਹੀ ਦੇਸ਼ ਨੂੰ ਕੌਮੀ ਸਰਕਾਰ ਮਿਲਣ ਦਾ ਵਸੀਲਾ ਸਾਬਤ ਹੋਵੇਗਾ ਤੇ ਇਸ ਰਾਹੀਂ ਹੀ ਜੇਲ੍ਹਾਂ ਦੇ ਬੂਹੇ ਖੁਲ੍ਹਣਗੇ ਤੇ ਦੇਸ਼ ਭਗਤ ਜੇਲਾਂ ਤੋਂ ਬਾਹਰ ਆ ਸਕਣਗੇ। ਜਿਥੋਂ ਤਕ ਸਿਖ ਪੰਥ ਦਾ ਸੰਬੰਧ ਹੈ ਪੰਥ ਹਿੰਦੁਸਤਾਨ ਦੀ ਏਕਤਾ, ਦੇਸ਼ ਵਿਚ ਕੌਮੀ ਸਰਕਾਰ ਦੀ ਤੁਰਤ ਕਾਇਮੀ, ਹਿੰਦੂ, ਮੁਸਲਮਾਨ ਤੇ ਸਿਖਾਂ ਵਿਚਕਾਰ ਬਾਇਜ਼ਤ ਸਮਝੌਤਾ ਅਤੇ ਘਟ ਗਿਣਤੀਆਂ ਦੇ ਧਰਮ, ਸਭਿਅਤਾ ਤੇ ਬੋਲੀ ਦੀ ਰਾਖੀ ਦਾ ਜ਼ੋਰਦਾਰ ਹਮਾਇਤੀ ਹੈ। ਇਨ੍ਹਾਂ ਖਿਆਲਾਂ ਤੋਂ ਹੀ ਪਰੇਰਤ ਹੋ ਕੇ ਸਿਖ ਮੁਖੀਆਂ ਨੇ ਆਪੋ ਵਿਚ ਦੇ ਸਮਝੌਤੇ ਲਈ 'ਆਜ਼ਾਦ ਪੰਜਾਬ' ਦੀ ਤਜਵੀਜ਼ ਪੇਸ਼ ਕੀਤੀ ਹੈ ਤੇ ਪਾਕਿਸਤਾਨ ਦਾ ਵਿਰੋਧ ਕੀਤਾ ਹੈ।

ਦੇਸ਼ ਇਸ ਵੇਲੇ ੧੧ ਸੂਬਿਆਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਵਿਚੋਂ ੭ ਸੂਬਿਆਂ ਵਿਚ ਹਿੰਦੂਆਂ ਦੀ ਤੇ ੪ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਹੈ। ਸੂਬਿਆਂ ਦੀ ਜੋ ਇਸ ਵੇਲੇ ਹੱਦਬੰਦੀ ਹੈ ਇਹ ਨਾ ਤਾਂ ਕੁਦਰਤੀ, ਨਾ ਹੀ ਇਤਿਹਾਸਕ ਤੇ ਨਾ ਹੀ ਬੋਲੀ ਦੇ ਅਧਾਰ ਤੇ ਹੈ ਬਲਕਿ ਇਹ ਹੱਦਬੰਦੀ ਅੰਗਰੇਜ਼ਾਂ ਦੀਆਂ ਜਿੱਤਾਂ ਤੇ ਨੌਕਰਸ਼ਾਹੀ ਪਰਬੰਧ ਦੀਆਂ ਸਹੂਲਤਾਂ ਦੇ ਖਿਆਲ ਨਾਲ ਕੀਤੀ ਗਈ ਹੈ। ਇਸ ਹੱਦ-ਬੰਦੀ ਦੇ ਕੋਈ Rational Basis ਨਹੀਂ।

੧੯੧੧ ਵਿਚ ਬਾਦਸ਼ਾਹ ਨੇ ਐਲਾਨ ਕੀਤਾ ਸੀ ਕਿ ਸੂਬਿਆਂ ਦੀ ਨਵੀਂ ਹੱਦਬੰਦੀ ਲਈ ਇਕ ਹੱਦਬੰਦੀ ਕਮੀਸ਼ਨ ਨੀਯਤ ਕੀਤਾ ਜਾਵੇਗਾ ਪਰ ਇਸ ਤੇ ਅਮਲ ਨਹੀਂ ਹੋਇਆ ੧੯੩੦ ਵਿਚ ਸਾਇਮਨ ਕਮੀਸ਼ਨ ਦੀ ਰੀਪੋਰਟ ਤੇ ਦੇਸ਼ ਭਗਤ ਹਿੰਦੁਸਤਾਨੀਆਂ ਵਲੋਂ ਨੀਯਤ ਕੀਤੀ ਗਈ ਨਹਿਰੂ ਕਮੇਟੀ ਦੀ ਰੀਪੋਰਟ ਵਿਚ ਸੂਬਿਆਂ ਦੀ ਨਵੀਂ ਹੱਦਬੰਦੀ ਤੇ ਜ਼ੋਰ ਦਿਤਾ ਗਿਆ ਤੇ ਇਸ ਕਾਰਜ ਲਈ ਹੱਦਬੰਦੀ ਕਮੀਸ਼ਨ ਦਾ ਨੀਯਤ ਕੀਤੇ ਜਾਣਾ ਜ਼ਰੂਰੀ ਸਮਝਿਆ। ੧੯੩੫ ਤੋਂ ਮੁਸਲਮਾਨਾਂ ਦੀ ਮੰਗ ਤੇ ਸਿੰਧ ਨੂੰ ਬੰਬਈ ਤੋਂ ਵਖਰਾ ਸੂਬਾ ਬਣਾਇਆ ਤੇ ਹਿੰਦੂਆਂ ਦੀ ਮੰਗ ਤੇ ਉੜੀਆ ਬੋਲੀ ਬੋਲਣ ਵਾਲਿਆਂ ਲਈ ਉੜੀਸਾ ਦਾ ਸੂਬਾ ਬਣਾਇਆ ਗਿਆ। ਹੁਣ ਜੇ ਸਿਖਾਂ ਵਲੋਂ ਪੰਜਾਬ ਦੀ ਨਵੀਂ ਹੱਦ-ਬੰਦੀ ਲਈ ਜ਼ੋਰ ਦਿਤਾ ਜਾਵੇ ਤਾਂ ਇਸ ਨੂੰ ਕਿਸੇ ਤਰ੍ਹਾਂ ਵੀ ਅਯੋਗ ਨਹੀਂ ਕਿਹਾ ਜਾ ਸਕਦਾ। ਨਾਲੇ ਇਹ ਤਜਵੀਜ਼ ਕੋਈ ਅੱਜ ਦੀ ਨਹੀਂ। ੧੯੩੧ ਵਿਚ ਸਿਖਾਂ ਦੇ ਸਾਰੇ ਮੁਖੀ ਧੜਿਆਂ ਦੇ ਆਗੂਆਂ ਨੇ ਇਹ ਤਜਵੀਜ਼ ਗਾਂਧੀ ਜੀ ਦੇ ਅਗੇ ਰਖੀ ਸੀ। ਅਤੇ ਇਸੇ ਤਜਵੀਜ਼ ਨੂੰ

Digitized by Panjab Digital Library | www.panjabdigilib.org

ਗੋਲਮੇਜ਼ ਕਾਨਫਰੰਸ ਤੇ ਲਾਰਡ ਵਿਲਿੰਗਟਨ ਦੇ ਸਾਹਮਣੇ ਰਖਿਆ ਗਿਆ ਸੀ । ਅੱਜ ਕੁਝ ਸੱਜਣ ਆਪਣੇ ਪਿਛਲੇ ਕੀਤੇ ਨੂੰ ਭੁਲਕੇ ਬੇਸ਼ਕ ਗੈਰਾਂ ਵਲੋਂ ਵਾਹਵਾ ਲੈਣ ਲਈ ਇਸ ਤਜਵੀਜ਼ ਦੀ ਨਖੇਧੀ ਕਰਨ ਪਰੰਤੂ ਜਾਣਕਾਰ ਸਿਖ ਉਨ੍ਹਾਂ ਦੀ ਇਸ ਕਾਰਵਾਈ ਨੂੰ ਠੀਕ ਨਹੀਂ ਸਮਝਣਗੇ। ਸਿਖ ਆਗੂ ਪਾਕਿਸਤਾਨ ਨੂੰ ਰੋਕਣ ਤੇ ਅਸੰਭਵ ਬਣਾਉਣ ਅਤੇ ਪੰਜਾਬ ਦੇ ਇਸ ਸਮੇਂ ਚਲ ਰਹੇ ਸੂਬਕ ਪਰਬੰਧ ਵਿਚੋਂ ਅਮਲੀ ਪਾਕਿਸਤਾਨ ਨੂੰ ਖਤਮ ਕਰਨ ਅਤੇ ਦੇਸ਼ ਦੇ ਘਟੋ ਘਟ ਇਕ ਸੂਬੇ ਵਿਚ ਸਿਖਾਂ ਲਈ ਯੋਗ ਰਾਜਸੀ ਤਾਕਤ ਹਾਸਲ ਕਰਨ ਲਈ ਇਹ ਤਜਵੀਜ਼ ਪੇਸ਼ ਕਰ ਰਹੇ ਹਨ। ਹਰਇਕ ਸਿਖ ਨੂੰ ਇਸ ਤਜਵੀਜ਼ ਦੀ ਤਨੋ ਮਨੋ ਤਾਈਦ ਕਰਨੀ ਚਾਹੀਦੀ ਹੈ। ਸਿਖਾਂ ਨਾਲੋਂ ਘਟੋ ਘਟ ਦੁਗਣੇ ਹਿੰਦੂਆਂ ਨੂੰ ਇਸ ਤਜਵੀਜ਼ ਦਾ ਲਾਭ ਹੈ। ਮੁਸਲਮਾਨਾਂ ਨੂੰ ਵੀ ਇਸ ਤਜਵੀਜ਼ ਨਾਲ ਕੋਈ ਖਾਸ ਨੁਕਸਾਨ ਨਹੀਂ ਪੁਜਦਾ ਕਿਉਂਕਿ ਉਹ ਕਿਸੇ ਇਕ ਫਿਰਕੇ ਦੇ ਰਾਜ ਹੇਠ ਨਹੀਂ ਆਉਂਦੇ। ਆਜ਼ਾਦ ਪੰਜਾਬ ਵਿਚ ਇਕ ਖੂਬੀ ਇਹ ਵੀ ਹੋਵੇਗੀ ਕਿ ਇਥੇ ਤਿੰਨੇ ਫਿਰਕੇ ਲਗ ਭਗ ਇਕੋ ਜਿਹੀ ਤਾਕਤ ਦੇ ਮਾਲਕ ਹੋਣਗੇ। ਜਿਥੇ ਹਿੰਦੁਸਤਾਨ ਦੇ ਸਤਾਂ ਸੂਬਿਆਂ ਵਿਚ ਮੁਸਲਿਮ ਘਟ-ਗਿਣਤੀ ਨੂੰ ਹਿੰਦੂ ਬਹੁ-ਗਿਣਤੀ ਦੀ ਤਾਬੇਦਾਰੀ ਕਰਨੀ ਪਵੇਗੀ ਤੇ ੪ ਸੂਬਿਆਂ ਵਿਚ ਗੈਰ ਮੁਸਲਿਮ ਘਟ-ਗਿਣਤੀਆਂ ਨੂੰ ਮੁਸਲਿਮ ਬਹੁ-ਗਿਣਤੀ ਦੀ ਤਾਬੇਦਾਰੀ ਕਰਨੀ ਪਵੇਗੀ ਅਰਥਾਤ ਮੌਜੂਦਾ ਹਾਲਾਤ ਵਿਚ ੧੧ ਹੀ ਸੂਬੇ ਇਕ ਜਾਂ ਦੂਜੀ ਸ਼ਕਲ ਵਿਚ ਫਿਰਕੂ ਗਲਬੇ ਦੇ ਅਧੀਨ ਹੋਣਗੇ ਓਥੇ ਆਜ਼ਾਦ ਪੰਜਾਬ ਵਿਚ ਕਿਸੇ ਇਕੱਲੇ ਫਿਰਕੇ ਦਾ ਫਿਰਕੂ ਗਲਬਾ ਨਹੀਂ ਹੋਵੇਗਾ ਫਿਰਕੂ ਗਲਬੇ ਤੋਂ ਆਜ਼ਾਦ ਹੋਣ ਦੇ ਕਾਰਨ ਹੀ ਇਸ ਸੂਬੇ ਦਾ ਨਾਂ 'ਆਜ਼ਾਦ ਪੰਜਾਬ' ਰਖਿਆ ਗਿਆ ਹੈ। ਇਸ ਪਹਿਲੂ ਤੋਂ ਇਹ ਸੂਬਾ ਆਦਰਸ਼ਕ ਸੂਬਾ ਹੋਵੇਗਾ ਤੇ ਸੱਚੀ ਕੌਮ ਪ੍ਰਸਤੀ ਤੇ ਕੌਮੀਅਤ ਇਥੋਂ ਹੀ ਜੜ੍ਹ ਪਕੜੇਗੀ ਤੇ ਇਥੋਂ ਹੀ ਸਾਰੇ ਦੇਸ਼ ਵਿਚ ਫੈਲੇਗੀ। ਇਸ ਲਈ ਮੈਂ ਸਿਖ ਗਭਰੂਆਂ ਪਾਸ ਜ਼ੋਰਦਾਰ ਅਪੀਲ ਕਰਦਾ ਹਾਂ ਕਿ ਆਪ ਪੂਰਨ ਉਤਸ਼ਾਹ ਨਾਲ ਕਮਰ ਕੱਸੇ ਕਰਕੇ ਉਠੋ ਤੇ ਆਜ਼ਾਦ ਪੰਜਾਬ ਦੀ ਚਰਚਾ ਘਰ ਘਰ ਫੈਲਾ ਦਿਓ ਤੇ ਇਸ ਦੇ ਵਿਰੋਧੀਆਂ ਨੂੰ ਪ੍ਰੇਮ ਤੇ ਮੁਹੱਬਤ ਨਾਲ ਖਿਚ ਲਵੋ ਤਾਕਿ ਇਸ ਵੱਡੇ ਦੇਸ਼ ਵਿਚ ਇਕ ਥਾਂ ਸਿੱਘਾਂ ਦੇ ਰਹਿਣ ਸਹਿਣ, ਜਥੇਬੰਦੀ ਦੇ ਵਾਧੇ ਦੇ ਕੰਮ ਵੀ ਆ ਸਕੇ। ਸਿਖ ਆਗੂਆਂ ਪਾਸ ਮੇਰੀ ਬੇਨਤੀ ਹੈ ਕਿ 'ਆਜ਼ਾਦ ਪੰਜਾਬ' ਦੀ ਮੰਗ ਦੇ ਨਾਲ ਨਾਲ ਇਸ ਗਲ ਤੇ ਵੀ ਜ਼ੋਰ ਦਿਓ ਕਿ ਆਜ਼ਾਦ ਪੰਜਾਬ ਵਿਚ ਤਿੰਨਾਂ ਵੱਡੇ ਫਿਰਕਿਆਂ ਸਿਖ, ਹਿੰਦੂ ਤੇ ਮੁਸਲਮਾਨਾਂ ਨੂੰ ਇਕੋ ਜਿਹੀ ਪ੍ਰਤੀਨਿਧਤਾ ਦਿਤੀ ਜਾਵੇ।

ਆਜ਼ਾਦ ਪੰਜਾਬ ਵਿਚ ਸਿਖਾਂ ਦੀ ਗਿਣਤੀ ਦੋਹਾਂ ਫਿਰਕਿਆਂ ਤਥਾ ਹਿੰਦੂ ਮੁਸਲਮਾਨਾਂ ਦੇ ਬਰਾਬਰ ਨਹੀਂ ਹੋਵੇਗੀ। ਪਰੰਤੂ ਸਿਖਾਂ ਦੀ ਮਲਕੀਅਤ, ਜ਼ਮੀਨ, ਹਾਲਾ ਤੇ ਆਬਿਆਨਾ ਹਿੰਦੂ ਤੇ ਮੁਸਲਮਾਨ ਇਕੱਲੇ ਇਕੱਲੇ ਦੋਹਾਂ ਦੇ ਟਾਕਰੇ ਤੇ ਵਧੇਰਾ ਹੋਵੇਗਾ। ਇਹ ਆਸ ਕੀਤੀ ਜਾ ਸਕਦੀ ਹੈ ਕਿ ਸਾਂਝੀਆਂ ਚੋਣਾਂ ਵਿਚ ਸਿਖ ਤੀਜੇ ਹਿਸੇ ਤੋਂ ਵਧ ਹੀ ਹਿਸਾ ਲੈ ਜਾਣਗੇ। ਇਸ ਲਈ ਆਜ਼ਾਦ ਪੰਜਾਦ ਵਿਚ ਜਾਂ ਤਾਂ ਸਾਂਝੀ ਚੋਣ ਰਖੀ ਜਾਵੇ ਜਾਂ ਸਿੱਘਾਂ ਨੂੰ ਤੀਜਾ ਹਿਸਾ ਦਿਤਾ ਜਾਵੇ। ਕੈਨੇਡਾ ਵਿ ਜਦ ਜਮਹੂਰੀ ਰਾਜਬਣਤਰ ਬਣੀ ਸੀ ਤਾਂ ਬਾਵਜੂਦ ਇਸ ਗਲ ਦੇ ਕਿ ਓਥੇ ੬੦ ਫੀ ਸਦੀ ਅੰਗਰੇਜ਼ ਤੇ ੪੦ ਫੀ ਸਦੀ ਫਰਾਂਸੀਸੀ ਵਸਦੇ ਸਨ ਦੋਹਾਂ ਕੌਮਾਂ ਨੂੰ ਇਕੋ ਜਿਹਾ ਹਿਸਾ ਅਰਥਾਤ ਪੰਜਾਹ ਪੰਜਾਹ ਫੀ ਸਦੀ ਹਿਸਾ ਦਿਤਾ ਗਿਆ ਸੀ। ਸਵਿਟਜ਼ਰਲੈਂਡ ਵਿਚ ਜਰਮਨ, ਇਤਾਲਵੀ ਤੇ ਫਰਾਂਸੀਸੀ ਤਿੰਨ ਵਖੋ ਵਖ ਕੌਮਾਂ ਵਸਦੀਆਂ ਹਨ ਤੇ ਤਿੰਨਾਂ ਦੀ ਆਦਮ ਗਿਣਤੀ ਇਕੋ ਜਿਹੀ ਨਹੀਂ। ਫਰਾਂਸੀਸੀ ਤੇ ਇਤਾਲਵੀਆਂ ਨਾਲੋਂ ਜਰਮਨਾਂ ਦੀ ਗਿਣਤੀ ਕਿਤੇ ਵਧ ਹੈ ਪਰੰਤੂ ਸਵਿਟਜ਼ਰਲੈਂਡ ਦਾ

Digitized by Panjab Digital Library | www.panjabdigilib.org

ਇਹ ਰਿਵਾਜ ਹੈ ਕਿ ਓਥੋਂ ਦੀ ਵਜ਼ੀਰ ਮੰਡਲੀ ਵਿਚ ਤਿੰਨਾਂ ਹੀ ਕੌਮਾਂ ਨੂੰ ਇਕੋ ਜਿਹੀ ਪ੍ਰਤੀ-ਨਿਧਤਾ ਦਿਤੀ ਜਾਂਦੀ ਹੈ। ਦੋ ਜਰਮਨ ਨਸਲ, ਦੋ ਫਰਾਂਸੀਸੀ ਨਸਲ ਤੇ ਦੋ ਇਤਾਲਵੀ ਨਸਲ ਦੇ ਸਵਿਸ ਵਜ਼ੀਰ ਲਏ ਜਾਂਦੇ ਹਨ। ਇਨ੍ਹਾਂ ਰਿਵਾਜਾਂ ਤੇ ਨਿਯਮਾਂ ਨੇ ਹੀ ਕੈਨੇਡਾ ਤੇ ਸਵਿਟਜ਼ਰਲੈਂਡ ਵਰਗੇ ਰਲਵੀਂ ਅਬਾਦੀ ਵਾਲੇ ਦੇਸ਼ਾਂ ਵਿਚ ਅਮਨ ਤੇ ਸ਼ਾਂਤੀ ਕਾਇਮ ਰਖੀ ਹੋਈ ਹੈ। ਇਸੇ ਹੀ ਤਰਾਂ ਆਜ਼ਾਦ ਪੰਜਾਬ ਵਿਚ ਸਿਖ ਹਿੰਦੂ ਤੇ ਮੁਸਲਮਾਨ ਤਿੰਨ ਕੌਮਾਂ ਹੋਣਗੀਆਂ। ਤਿੰਨਾਂ ਹੀ ਕੌਮਾਂ ਨੂੰ ਇਕੋ ਜਿਹੀ ਪ੍ਰਤੀਨਿਧਤਾ ਦਾ ਅਸੂਲ ਮੰਨ ਲੈਣਾ ਚਾਹੀਦਾ ਹੈ। ਅਤੇ ਆਜ਼ਾਦ ਪੰਜਾਬ ਦੀ ਅਸੈਂਬਲੀ ਵਿਚ ਹਿੰਦੂ, ਮੁਸਲਮਾਨ ਤੇ ਸਿਖ ਇਕੋ ਜਿਹੀ ਤਦਾਦ ਵਿਚ ਹੀ ਲਏ ਜਾਣੇ ਚਾਹੀਦੇ ਹਨ।

ਇਸ ਦੇ ਨਾਲ ਹੀ ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਆਜ਼ਾਦ ਪੰਜਾਬ ਦੀ ਹੱਦਬੰਦੀ ਨਾਲ ਜੋ ਇਲਾਕੇ ਪੰਜਾਬ ਤੋਂ ਵਖ ਕੀਤੇ ਜਾਣਗੇ ਉਨ੍ਹਾਂ ਵਿਚ ਜੋ ਅਸੈਂਬਲੀ ਬਣੇਗੀ ਉਸ ਵਿਚ ਹਿੰਦੂ, ਮੁਸਲਮਾਨਾਂ ਤੇ ਸਿਖਾਂ ਦੀ ਕੀ ਪੋਜ਼ੀਸ਼ਨ ਹੋਵੇਗੀ? ਮੇਰੀ ਜਾਚੇ ਇਨਸਾਫ ਇਹ ਮੰਗ ਕਰਦਾ ਹੈ ਕਿ ਓਥੇ ਹਿੰਦੂ ਤੇ ਸਿਖਾਂ ਨੂੰ ਇਨਾਂ ਦੀ ਅਬਾਦੀ ਨਾਲੋਂ ਤਿੰਨ ਗੁਣਾਂ ਹਕ ਦਿਤੇ ਜਾਣ। ਜਿਹਾ ਕਿ ਸੀ. ਪੀ. ਤੇ ਮਦਰਾਸ ਆਦਿਕ ਸੂਬਿਆਂ ਵਿਚ ਮੁਸਲਮਾਨਾਂ ਨੂੰ ਦਿਤੇ ਗਏ ਹਨ। ਇਸ ਨਾਲ ਉਸ ਸੂਬੇ ਦੇ ਹਿੰਦੂ ਤੇ ਸਿਖਾਂ ਦੀ ਪੋਜ਼ੀਸ਼ਨ ਹੁਣ ਨਾਲੋਂ ਕਿਸੇ ਤਰ੍ਹਾਂ ਨਹੀਂ ਘਟੇਗੀ। ਹਿੰਦੁਸਤਾਨ ਦੇ ਸਾਰੇ ਸੂਬਿਆਂ ਵਿੱਚ ਹੀ ਧਰਮ, ਬੋਲੀ ਤੇ ਕਲਚਰ ਦੀ ਰਾਖੀ ਰਾਜਬਣਤਰ ਰਾਹੀਂ ਕੀਤੀ ਜਾਣੀ ਚਾਹੀਦੀ ਹੈ। ਮੌਜੂਦਾ ਰਾਜਬਣਤਰ ਇਸ ਪਹਿਲੂ ਤੋਂ ਸਖਤ ਨਾਕਸ ਹੈ। ਇਸ ਲਈ ਆਜ਼ਾਦ ਹਿੰਦੁਸਤਾਨ ਦੀ ਜੋ ਰਾਜਬਣਤਰ ਬਣੇ ਉਸ ਵਿੱਚ ਇਸ ਗੱਲ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।

ਇਕ ਹੋਰ ਅਤਿ ਜ਼ਰੂਰ ਗੱਲ ਜਿਸ ਵੱਲ ਧਿਆਨ ਦੇਣ ਦੀ ਲੋੜ ਹੈ ਦੇਸ਼ ਦਾ ਆਰਥਕ ਨਿਜ਼ਾਮ ਹੈ।

ਦੇਸ਼ ਦੇ ਅਰਥਕ ਨਿਜ਼ਾਮ ਸੰਬੰਧੀ ਸਰਬਹਿੰਦ ਕਾਂਗਰਸ ਨੇ ਆਪਣੇ ਬੁਨਿਆਦੀ ਹੱਕਾਂ ਵਾਲੇ ਮਤੇ ਵਿਚ ਕੁਝ ਰੋਸ਼ਨੀ ਪਾਈ ਹੈ ਪਰੰਤੂ ਇਸ ਸੰਬੰਧੀ ਅਜੇ ਤਕ ਕੋਈ ਪੱਕਾ ਸਾਧਨ ਕਾਂਗਰਸ ਨੇ ਦੇਸ਼ ਸਾਹਮਣੇ ਨਹੀਂ ਰਖਿਆ। ਕਮਯੂਨਿਸਟ ਪਾਰਟੀ ਸਾਰੇ ਦੇਸ਼ ਨੂੰ ਰੂਸੀ ਆਰਥਕ ਨਿਜ਼ਾਮ ਵੱਲ ਪਰੇਰ ਰਹੀ ਹੈ। ਭੁਖਿਆਂ, ਕੰਗਾਲਾਂ ਤੇ ਗਰੀਬਾਂ ਦੇ ਮਨ ਵਿੱਚ ਲਾਜ਼ਮੀ ਹੈ ਕਿ ਕਿਸੇ ਐਸੇ ਨਿਜ਼ਾਮ ਲਈ ਜੋ ਉਹਨਾਂ ਦੀ ਭੁਖ ਨੰਗ ਦੂਰ ਕਰਨ ਦਾ ਭਰੋਸਾ ਦਿਵਾਂਦਾ ਹੋਵੇ ਖਿਚ ਹੋਵੇ। ਇਸਦੇ ਪਰਦੇ ਹੇਠ ਹੀ ਉਹ ਗਰੀਬ ਸਿਖਾਂ ਤੇ ਜੋਸ਼ ਭਰੇ ਵਿਦਿਆਰਥੀਆਂ ਵਿਚ ਧਰਮ, ਸਿਖ ਇਤਿਹਾਸ ਤੇ ਸਿਖ ਰਹਿਤ ਵੱਲੋਂ ਬੇਮੁਖਤਾ ਫੈਲਾਂਦੇ ਰਹੇ ਹਨ। ਦੇਸ਼ ਦੇ ਆਰਥਕ ਰੋਗਾਂ ਨੂੰ ਕੱਟਣ ਵਾਲਾ ਨਿਜ਼ਾਮ ਕਿਸੇ ਦੂਜੇ ਦੇਸ਼ ਦੀ ਨਿਰੋਲ ਨਕਲ ਕਰਨ ਨਾਲ ਪੈਦਾ ਨਹੀਂ ਹੋਵੇਗਾ ਅਤੇ ਜੋ ਨਿਜ਼ਾਮ ਵੀ ਅਸੀਂ ਇਸ ਦੇਸ਼ ਵਿਚ ਚਾਲੂ ਕਰਨਾ ਚਾਹਾਂਗੇ ਉਸ ਨੂੰ ਸਵਤੰਤਰਤਾ-ਪ੍ਰਾਪਤੀ ਤੋਂ ਪਹਿਲਾਂ ਚਾਲੂ ਕਰਨ ਦਾ ਯਤਨ ਕਰਨਾ ਗੱਡੀ ਨੂੰ ਘੋੜੇ ਅਗੇ ਜੋਣ ਤੁਲ ਹੈ। ਪੰਜਾਬਦੇ ਆਰਥਕ ਨਿਜ਼ਾਮ ਨੂੰ ਤਬਦੀਲ ਕਰਨ ਵਿਚ ਅਗੇ ਸਿੰਘ ਇਕ ਵਾਰੀ ਕਾਮਯਾਬ ਹੋ ਚੁਕੇ ਹਨ।

ਵੇਖਦੇ ਨਹੀਂ ਜੋ ਪੰਜਾਬ ਵਿਚ ਆਮ ਕਰਕੇ ਵਡੇ ਜ਼ਿਮੀਂਦਾਰ ਮੌਜੂਦ ਨਹੀਂ ਹਨ ਤੇ ਯੂ. ਪੀ., ਬੰਗਾਲ ਬਿਹਾਰ ਆਦਿਕ ਵਿਚ ਇਨ੍ਹਾਂ ਦਾ ਜ਼ੋਰ ਹੈ? ਇਸ ਦਾ ਕਾਰਨ ਕੀ ਹੈ ਕਿ ਇਕੋ ਅੰਗਰੇਜ਼ੀ ਰਾਜ ਵਿਚ ਇਹ ਫਰਕ ਮੌਜੂਦ ਹੈ? ਕਾਰਨ ਸਾਫ਼ ਹੈ। ਬੰਗਾਲ ਬਿਹਾਰ ਤੇ ਯੂ. ਪੀ. ਅੰਗਰੇਜ਼ਾਂ ਨੇ ਮੁਗਲਾਂ ਤੋਂ ਲਏ ਸਨ ਅਤੇ ਪੰਜਾਬ ਸਿਖਾਂ ਤੋਂ ਲਿਆ ਹੈ। ਮੁਗਲਾਂ ਨੇ

B-1565

Digitized by Panjab Digital Library | www.panjabdigilib.org

ਜ਼ਿਮੀਂਦਾਰਾ ਸਿਸਟਮ ਪੈਦਾ ਕੀਤਾ। ਯੂ. ਪੀ. ਤੇ ਬਿਹਾਰ ਆਦਿਕ ਵਿਚ ਅੰਗਰੇਜ਼ਾਂ ਨੂੰ ਮੁਗਲਾਂ ਪਾਸੋਂ ਇਹ ਸਿਸਟਮ ਵਿਰਸੇ ਵਿਚ ਮਿਲਿਆ। ਜਦੋਂ ਸਿੰਘਾਂ ਦੀਆਂ ੧੨ ਮਿਸਲਾਂ ਨੇ ਪੰਜਾਬ ਤੇ ਕਬਜ਼ਾ ਕੀਤਾ ਤਾਂ ਇਥੇ ਇਹ ਸਿਸਟਮ ਮੌਜੂਦ ਸੀ। ਮਿਸਲਾਂ ਦੇ ਸਰਦਾਰ ਤੇ ਮੈਂਬਰ ਹਲਵਾਹਾਂ ਦੇ ਪੁਤਰ ਸਨ, ਰਾਜ ਅਧਿਕਾਰ ਲੈਂਦਿਆਂ ਹੀ ਉਨਾਂ ਨੇ ਇਹ ਐਲਾਨ ਕਰ ਦਿਤਾ ਕਿ ਜਿਸ ਜ਼ਮੀਨ ਨੂੰ ਕੋਈ ਕਾਸ਼ਤ ਕਰਦਾ ਹੈ ਉਹੀ ਉਸਦਾ ਮਾਲਕ ਹੋਵੇਗਾ। Land Lord System ਪੰਜਾਬ ਵਿਚੋਂ ਖਤਮ ਹੋ ਗਿਆ। ਇਹ ਜੋ ਕੁਝ Land Lords ਪੰਜਾਬ ਵਿਚ ਵਿਖਾਈ ਦੇਂਦੇ ਹਨ ਇਨ੍ਹਾਂ ਵਿਚੋਂ ਬਹੁਤੇ ਅੰਗਰੇਜ਼ੀ ਰਾਜ ਵਿਚ ਪੈਦਾ ਹੋਏ ਹਨ। ਇਹ ਹੈ ਆਰਥਕ ਤਬਦੀਲੀ ਦਾ ਕਾਮਯਾਬ ਤਰੀਕਾ। ਬਗੈਰ ਰਾਜਸੀ ਅਧਿਕਾਰਾਂ ਦੇ ਆਰਥਕ ਤਬਦੀਲੀ ਤੇ ਜ਼ੋਰ ਦਿਤੀ ਚਲੇ ਜਾਣਾ 'ਰੂੰ ਨਾ ਕਪਾਹ, ਜੁਲਾਹਿਆਂ ਨਾਲ ਡਾਂਗੋ ਡਾਂਗੀ।' ਵਾਲੀ ਗਲ ਹੈ। ਹਾਂ ਇਸ ਵਿਚ ਕੋਈ ਹਰਜ ਨਹੀਂ ਕਿ ਚੰਗੇ ਆਰਥਕ ਨਜ਼ਾਮ ਦੀ ਢੂੰਡ ਭਾਲ ਦਾ ਯਤਨ ਕੀਤਾ ਜਾਵੇ ਤਾਕਿ ਸਮੇਂ ਸਿਰ ਉਸਨੂੰ ਅਮਲ ਵਿਚ ਲਿਆਂਦਾ ਜਾ ਸਕੇ। ਇਸ ਸੰਬੰਧੀ ਸਿਖ ਇਤਿਹਾਸ ਤੇ ਗੁਰਮਤ ਦਾ ਆਸ਼ਾ ਜ਼ਰੂਰ ਸਾਡੀ ਮਦਦ ਕਰਨਗੇ ਤੇ ਅਸੀਂ ਪੁਰਾਣੇ ਸਿਖ ਅਸੂਲਾਂ ਨੂੰ ਨਵੇਂ ਹਾਲਾਤ ਵਿਚ ਐਸੇ ਤਰੀਕੇ ਨਾਲ ਵਰਤ ਸਕਾਂਗੇ ਕਿ ਉਹ ਪਰਜਾ ਲਈ ਅਤਿ ਸੁਖਦਾਈ ਹੋ ਸਕਣ। ਸਿੰਘਾਂ ਨਾਲੋਂ ਵਧਕੇ ਹੋਰ ਪਰਜਾ ਲਈ ਸੁਖਦਾਈ ਅਸੂਲ ਲੱਭਣ ਵਿਚ ਸ਼ਾਇਦ ਹੀ ਕੋਈ ਕਾਮਯਾਬ ਹੋ ਸਕੇ। ਸਤਿਗੁਰਾਂ ਨੇ ਖਾਲਸੇ ਨੂੰ ਦੇਗ ਤੇਗ ਦਾ ਧਨੀ ਬਣਾਇਆ। ਦੁਨੀਆਂ ਵਿਚ ਦੇਗ ਠੀਕ ਨਹੀਂ ਵਰਤਾਈ ਜਾ ਰਹੀ। ਇਸੇ ਕਰਕੇ ਸਾਰੇ ਆਰਥਕ ਰੋਗ ਪੈਦਾ ਹੋ ਰਹੇ ਹਨ। ਸਤਿਗੁਰਾਂ ਦਾ ਹੁਕਮ ਇਹ ਹੈ ਕਿ ਸਭ ਨੂੰ ਦੇਗ ਇਕ ਰਸ ਵਰਤਾਈ ਜਾਵੇ। ਇਥੋਂ ਤਕ ਕਿ ਕੜਾਹ ਪ੍ਰਸ਼ਾਦਿ ਵਰਗੀ ਉਤਮ ਵਸਤੂ ਲਈ ਇਹ ਲਾਜ਼ਮੀ ਕੀਤਾ ਗਿਆ ਕਿ ਇਕ ਰਸ ਵਰਤਾਈ ਜਾਵੇ। ਹੋਰ ਚੀਜ਼ਾਂ ਲਈ ਵੀ ਇਹ ਹੁਕਮ ਕਿਉਂ ਲਾਜ਼ਮੀ ਨਾ ਸਮਝਿਆ ਜਾਵੇ? ਦੁਨੀਆਂ ਵਿਚ ਸਰਮਾਇਦਾਰੀ ਤੇ ਗਰੀਬੀ ਦੀ ਚਿੰਤਾ ਨੂੰ ਕੱਟਣ ਲਈ ਹੀ ਸਤਿਗੁਰਾਂ ਨੇ ਦਰਮਿਆਨਾ ਰਾਹ ਅਖਤਿਆਰ ਕੀਤਾ। ਕੀ ਇਹ ਗੁਰੂ ਗਰੰਥ ਸਾਹਿਬ ਦਾ ਵਾਕ ਨਹੀਂ?

"ਜਿਸ ਗ੍ਰਿਹਿ ਬਹੁਤ ਤਿਸੇ ਗ੍ਰਿਹਿ ਚਿੰਤਾ,
ਜਿਸ ਗ੍ਰਿਹਿ ਥੋਰੀ ਸੋ ਫਿਰੈ ਭਰਮੰਤਾ,
ਦੋਹਾਂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਜੀਉ।"

ਹਿੰਦੁਸਤਾਨ ਦੀ ਸਵਤੰਤਰਤਾ ਤੇ ਆਜ਼ਾਦ ਪੰਜਾਬ ਦੀ ਕਾਇਮੀ ਤਦੇ ਹੀ ਸਫਲ ਹੋਵੇਗੀ ਜੇ ਦੇਸ਼ ਵਿਚ ਤੇ ਖਾਸ ਕਰ ਪੰਜਾਬ ਵਿਚ ਸੰਗਤ-ਵਾਦ ਤੇ ਚਲਦਿਆਂ ਇਕੋ ਜਿਹੀ ਦੇਗ ਵਰਤਾਣ ਦਾ ਪਰਬੰਧ ਕਰਕੇ ਗਰੀਬਾਂ, ਨਿਮਾਣਿਆਂ ਤੇ ਨਿਤਾਣਿਆਂ ਨੂੰ ਤਾਣ ਵਾਲੇ ਤੇ ਉਚੇ ਬਣਾਇਆ ਜਾਵੇ। ਬਾਜਾਂ ਵਾਲੇ ਗੁਰੂ ਨੇ ਕਿਹਾ ਸੀ:

'ਇਨ ਗਰੀਬਸਿਖਨ ਕਉ ਦੇਇਪਾਤਸ਼ਾਹੀ।
ਇਐ ਯਾਦ ਰਖੈਂ ਹਮਰੀ ਗੁਰਿਆਈ।

ਤੇ— "ਜਿਨ ਕੀ ਜ਼ਾਤ ਅਉਰ ਕੁਲ ਮਾਰੀ।
ਸਰਦਾਰੀ ਨਹਿ ਭਈ ਕਿਦਾਰੀ।
ਇਨ ਹੀ ਕਉ ਸਰਦਾਰ ਬਣਾਵੈਂ।
ਤਬੈ ਗੋਬਿੰਦ ਸਿੰਘ ਨਾਮ ਕਹਾਵੈਂ।"

ਇਨ੍ਹਾਂ ਅਸੂਲਾਂ ਤੇ ਹੀ ਸਿੰਘ ੧੨ ਮਿਸਲਾਂ ਦੇ ਜ਼ਮਾਨੇ ਤਕ ਅਮਲ ਕਰਦੇ ਰਹੇ

Digitized by Panjab Digital Library | www.panjabdigilib.org

ਹਨ। ਪੰਥ ਪਰਕਾਸ਼ ਵਿਚ ਲਿਖਿਆ ਹੈ :

"ਦਰਬ ਕਹੀਂ ਤੇ ਜੋ ਕੋਈ ਲਿਆਵੇ ਸਿੰਘ ਕਮਾਇ।
ਜੋ ਨਿਜ ਢਿਗ ਨਹਿ ਰਾਖਹੀ, ਦੇਤ ਖਜ਼ਾਨੈ ਪਾਇ।
ਅਸਨ, ਬਸਨ, ਜੇਤਕ ਦਰਕਾਰੈ, ਲੇਤਿ ਖਜ਼ਾਨਿਓਂ ਦੇਇ ਮੰਦ ਧਾਰੈ।"

ਇਸ ਤੋਂ ਅਗੇ ਅਜੇ ਤਕ ਸਾਂਝੀਵਾਲਤਾ ਨਹੀਂ ਗਈ। ਅਤੇ ਦੇਗ ਦੇ ਇਸ ਉਚੇ ਆਦਰਸ਼ ਨੂੰ ਲੈ ਕੇ ਹੀ ਸਿੰਘਾਂ ਨੇ ਚਲਣਾ ਹੈ।

ਸਿੱਖ ਨੌਜਵਾਨੋ! ਪੰਥ ਦੀਆਂ ਅੱਖਾਂ ਇਸ ਸਮੇਂ ਆਪ ਵੱਲ ਲੱਗੀਆਂ ਹੋਈਆਂ ਹਨ। ਦੇਸ਼ ਦੇ ਅੰਦਰ ਤੇ ਬਾਹਰ ਵਿਰੋਧੀ ਸ਼ਕਤੀਆਂ ਵਿੱਚ ਤਕੜੇ ਘੋਲ ਮਚੇ ਹੋਏ ਹਨ। ਇਸ ਖਤਰੇ ਸਮੇਂ ਪੰਥ ਨੂੰ ਤਾਕਤਵਰ ਕਰਨਾ, ਪੰਥ ਦੀ ਹਸਤੀ ਨੂੰ ਕਾਇਮ ਰੱਖਣਾ, ਪੰਥ ਲਈ ਆਜ਼ਾਦੀ ਤੇ ਸੁਤੰਤਰਤਾ ਪਰਾਪਤ ਕਰਨੀ, ਆਪਦੇ ਜ਼ਿਮੇਂ ਹੈ। ਆਪਣੇ ਪੰਥ ਨੂੰ ਮਜ਼ਬੂਤ ਤੇ ਪੈਰਾਂ ਸਿਰ ਕਰਕੇ ਬਾਕੀ ਦੇਸ਼ ਵਾਸੀਆਂ ਨਾਲ ਮੋਢਾ ਡਾਹਕੇ ਦੇਸ਼ ਦੀ ਸੁਤੰਤਰਤਾ ਦੇ ਸੰਗਰਾਮ ਵਿਚ ਸਫਲਤਾ ਲੈਣੀ ਤੇ ਸਿਖ ਧਰਮ ਤੇ ਗੁਰਮਤ ਦਾ ਤਰੀਕਾ ਦੇਸ ਤੇ ਦੁਨੀਆਂ ਦੇ ਕੋਨੇ ਕੋਨੇ ਵਿਚ ਵਧਾਉਣਾ ਸਾਡੇ ਜੀਵਨ ਦਾ ਆਦਰਸ਼ ਹੈ। ਇਸ ਆਦਰਸ਼ ਦੀ ਸਫਲਤਾ ਲਈ ਮਜ਼ਬੂਤ ਸਰੀਰ, ਪੱਕੇ ਇਰਾਦੇ ਤੇ ਸਾਫ ਦਿਮਾਗ ਤੇ ਸ਼ੁਧ ਚਲਨ ਦੀ ਲੋੜ ਹੈ। ਮੈਂ ਆਪ ਪਾਸ ਅਪੀਲ ਕਰਦਾ ਹਾਂ ਕਿ ਆਪ ਆਪਣੇ ਚੰਗੇ ਆਚਰਣ ਦੀ ਦਿਲ ਲਾ ਕੇ ਉਸਾਰੀ ਕਰੋ, ਵਰਜ਼ਿਸ਼ ਕਰਕੇ ਸਰੀਰ ਨੂੰ ਮਜ਼ਬੂਤ ਕਰੋ, ਆਪਣੇ ਪੰਥਕ ਇਤਿਹਾਸ ਤੋਂ ਜਾਣੂ ਹੋਵੋ। ਕਿਤਨੇ ਸ਼ੋਕ ਦੀ ਗੱਲ ਹੈ ਕਿ ਸਿਖਾਂ ਨਾਲੋਂ ਗੈਰ ਸਿਖ ਪੜ੍ਹੇ ਲਿਖਿਆਂ ਨੇ ਸਿਖ ਇਤਿਹਾਸ ਸੰਬੰਧੀ ਵਧੇਰੇ ਲਿਖਿਆ ਹੈ। ਸਿੱਖ ਗੱਭਰੂਆਂ ਨੇ ਆਪ ਤਾਂ ਕੀ ਲਿਖਣਾ ਸੀ, ਗੈਰ ਸਿਖਾਂ ਨੇ ਜੋ ਥੋੜਾ ਬਹੁਤ ਇਸ ਸੰਬੰਧ ਵਿਚ ਲਿਖਿਆ ਹੈ, ਉਸਨੂੰ ਵੀ ਨਹੀਂ ਪੜ੍ਹਦੇ। ਹਰ ਇਕ ਸਿਖ ਗੱਭਰੂ ਨੂੰ ਆਪਣੇ ਪੰਥਕ ਇਤਿਹਾਸ ਬਾਰੇ ਪੂਰੀ ਵਾਕਫੀ ਹਾਸਲ ਕਰਨੀ ਚਾਹੀਦੀ ਹੈ ਤਾਂ ਜੋ ਇਕੇਰਾਂ ਸਿੰਘਾਂ ਅੰਦਰ ਉਹ ਵਲਵਲਾ ਉਠੇ ਜਿਸ ਵਲਵਲੇ ਨੇ ਸਿੰਘਾਂ ਨੂੰ ਪੈਦਲ ਪੀਰ ਪੰਚਾਲ ਪਹਾੜ ਤੇ ਚੜ੍ਹਕੇ ਕਸ਼ਮੀਰ ਮਾਰ ਲੈਣ ਦੇ ਯੋਗ ਕਰ ਦਿੱਤਾ ਸੀ, ਅਤੇ ਸਿੰਘਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਵਿੱਚ ਅੰਗਰੇਜ਼ਾਂ ਦੇ ਮੂੰਹੋਂ ਇਹ ਕਹਾ ਦਿੱਤਾ ਸੀ ਕਿ ਸਾਰੇ ਏਸ਼ੀਆ ਵਿੱਚ ਅੰਗਰੇਜ਼ਾਂ ਨੂੰ ਸਿੰਘਾਂ ਨਾਲੋਂ ਹੋਰ ਵਧੇਰੇ ਲੜਾਕਾ ਕੋਈ ਨਹੀਂ ਟੱਕਰਿਆ।

ਦੇਸ਼ ਵਾਸੀਆਂ ਨੂੰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਪੋ ਵਿਚ ਇਤਫ਼ਾਕ ਕਰੋ ਤੇ ਇਕ ਦੂਜੇ ਨਾਲ ਇਤਫ਼ਾਕ ਕਰੋ ਤੇ ਜੇ ਕਿਸੇ ਹੋਰ ਗਲ ਤੇ ਰਜ਼ਾਮੰਦ ਨਹੀਂ ਹੋ ਸਕਦੇ, ਤਾਂ ਮਿਲ ਕੇ ਅੰਗਰੇਜ਼ ਨੂੰ ਇਹੀ ਕਹਿ ਦਿਉ ਕਿ ਹਿੰਦੁਸਤਾਨ ਦਾ ਜੋ ਜੋ ਹਿੱਸਾ ਜਿਸ ਜਿਸ ਪਾਸੋਂ ਲਿਆ ਹੈ ਉਸੇ ਨੂੰ ਵਾਪਸ ਦੇ ਕੇ ਦੇਸ ਦੇ ਪ੍ਰਬੰਧ ਦੀ ਜ਼ਿਮੇਵਾਰੀ ਤੋਂ ਦਸਤ ਬਰਦਾਰ ਹੋ ਜਾਵੇ। ਹੋਰ ਸਮਝੌਤੇ ਆਪੇ ਪਿਛੋਂ ਹੁੰਦੇ ਰਹਿਣਗੇ। ਅਸੀਂ ਕਿਸੇ ਨਾ ਕਿਸੇ ਸਿਟੇ ਤੇ ਪੁਜ ਜਾਵਾਂਗੇ। ਗੁਰੂ ਸਾਡੇ ਅੰਗ ਸੰਗ ਹੈ, ਸ਼ੁਧ ਮਨ ਨਾਲ ਚਿਤਵੀਆਂ ਹੋਈਆਂ ਭਾਵਣੀਆਂ ਨੂੰ ਪੂਰਾ ਕਰੇਗਾ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹ॥

---

'ਮਦਨਮੋਹਨ ਪ੍ਰਿੰਟਿੰਗ ਪ੍ਰੈਸ' ਲਾਹੌਰ ਵਿਚ ਬਾਬੂ ਰਾਮਸਰਨ ਦਾਸ ਪ੍ਰਿੰਟਰ ਦੇ ਯਤਨ ਨਾਲ ਛਪਿਆ ਤੇ ਸ: ਗੁਰਚਰਨ ਸਿੰਘ ਐਮ. ਏ., ਪ੍ਰਾਪੇਗੰਡਾ ਸੈਕਟਰੀ ਆਲ ਇੰਡੀਆ ਸਿਖ ਯੂਥ ਲੀਗ ਕਾਨਫਰੰਸ ਨੇ ਲਾਹੌਰ ਤੋਂ ਪਰਕਾਸ਼ਤ ਕੀਤਾ। ਟੈਲੀਫੂਨ ੪੯੬੪

Digitized by Panjab Digital Library | www.panjabdigilib.org